# Punjab Government Gazette

## EXTRAORDINARY

*Published by Authority*

CHANDIGARH, TUESDAY, DECEMBER 5, 2023 (AGRAHAYANA 14, 1945 SAKA)


**ਪੰਜਾਬ ਸਰਕਾਰ**

ਸਥਾਨਕ ਸਰਕਾਰ ਵਿਭਾਗ

(ਟਾਊਨ ਪਲੈਨਿੰਗ ਵਿੰਗ)

(ਪੰਜਾਬ ਮਿਊਸਪਲ ਭਵਨ, ਸੈਕਟਰ, 35-ਏ, ਚੰਡੀਗੜ੍ਹ)

**ਅਧਿਸੂਚਨਾ**

ਮਿਤੀ 5 ਦਸੰਬਰ, 2023

**ਨੰ: ਸੀ.ਟੀ.ਪੀ. (ਸਸ)-2023/3511.**-ਸਰਕਾਰ ਦੇ ਪੱਤਰ ਮਿਤੀ 08.10.1980 ਨੂੰ ਨਗਰ ਨਿਗਮ ਅੰਮ੍ਰਿਤਸਰ ਦੀ ਟਾਊਨ ਪਲੈਨਿੰਗ ਸਕੀਮ ਨੰ: 53 ਦੀ ਪ੍ਰਵਾਨਗੀ ਦਿੰਦੇ ਹੋਏ ਲੇ-ਆਊਟ ਪਲੈਨ ਡਰਾਇੰਗ ਨੰ: ਸੀ.ਟੀ.ਪੀ./61/80 ਮਿਤੀ 17.03.1980 ਦੀ ਪ੍ਰਵਾਨਗੀ ਸਰਕਾਰ ਵੱਲੋਂ ਮੰਜ਼ੂਰੀ ਕੀਤੀ ਗਈ ਸੀ।

2. ਨਗਰ ਨਿਗਮ ਅੰਮ੍ਰਿਤਸਰ ਵੱਲੋਂ ਮੌਕੇ ਦੀ ਸਥਿਤੀ ਅਨੁਸਾਰ ਮਤਾ ਨੰ: 48 ਮਿਤੀ 14.12.2021 ਰਾਹੀਂ ਰੀਮੋਡੂਲੇਟਿਡ ਦਾ ਕੇਸ ਸਰਕਾਰ ਨੂੰ ਭੇਜਿਆ ਗਿਆ, ਜਿਸ ਦੀ ਪ੍ਰਵਾਨਗੀ ਸਰਕਾਰ ਵੱਲੋਂ ਪੱਤਰ ਨੰ: ਸ5-ਡਸਸ-ਮਸਸ-2022/11501 ਮਿਤੀ 28.03.2022 ਨੂੰ ਦਿੱਤੀ ਗਈ। ਜਿਸ ਉਪਰੰਤ ਨਗਰ ਨਿਗਮ ਅੰਮ੍ਰਿਤਸਰ ਵੱਲੋਂ ਪਬਲਿਕ ਪਾਸੋਂ ਇਤਰਾਜ/ਸੁਝਾਅ ਪ੍ਰਾਪਤ ਕਰਨ ਲਈ ਪੰਜਾਬੀ ਟ੍ਰਿਬਿਊਨ (ਪੰਜਾਬੀ), ਅਮਰ ਉਜਾਲਾ (ਹਿੰਦੀ) ਅਤੇ ਇੰਡੀਅਨ ਐਕਸਪ੍ਰੈਸ (ਅੰਗਰੇਜ਼ੀ) ਅਖਬਾਰ ਵਿੱਚ ਮਿਤੀ 18.02.2023 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਪਬਲੀਕੇਸ਼ਨ ਦੇ ਮਿੱਥੇ ਸਮੇਂ ਅੰਦਰ ਪ੍ਰਾਪਤ ਇਤਰਾਜ਼/ਸੁਝਾਅ ਦਾ ਨਿਪਟਾਰਾ ਮਿਤੀ 09.03.2023 ਨੂੰ ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ ਜੀ ਦੇ ਪੱਧਰ ਤੇ ਸੁਣਵਾਈ ਉਪਰੰਤ ਕੀਤਾ ਗਿਆ। ਇਸ ਉਪਰੰਤ ਇਸ ਸਕੀਮ ਦੇ ਤਜਵੀਜ਼ਤ ਲੇ-ਆਊਟ ਪਲੈਨ ਡਰਾਇੰਗ ਨੰਬਰ ਐਮ.ਟੀ.ਪੀ./ASR/321/22, ਮਿਤੀ 12.05.2022 ਨੂੰ ਨਗਰ ਨਿਗਮ ਅੰਮ੍ਰਿਤਸਰ ਨੇ ਆਪਣਾ ਮਤਾ ਨੰ: 84, ਮਿਤੀ 09.06.2023 ਰਾਹੀਂ ਅੰਤਿਮ ਤੌਰ ਤੇ ਅਪਣਾਇਆ ਹੈ।

3. ਹੁਣ ਨਗਰ ਨਿਗਮ ਐਕਟ 1976 ਦੀ ਧਾਰਾ 275(3) ਨੂੰ ਜਨਰਲ ਕਲਾਜਿਜ ਐਕਟ 1898 ਦੀ ਧਾਰਾ 19 ਨਾਲ ਪੜ੍ਹਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਡਰਾਫਟ ਤਜਵੀਜ਼ਤ ਰੀਮੋਡੂਲੇਟਿਡ ਟਾਊਨ ਪਲੈਨਿੰਗ ਦਾ ਸਕੀਮ ਨੰ: 53 ਜੋ ਕਿ ਡਰਾਇੰਗ ਨੰ: ਐਮ.ਟੀ.ਪੀ./ASR/321/22, ਮਿਤੀ 12.05.2022 ਤੇ ਅੰਕਿਤ ਹੈ, ਨੂੰ ਨਗਰ ਨਿਗਮ ਅੰਮ੍ਰਿਤਸਰ ਨੇ ਆਪਣਾ ਮਤਾ ਨੰ: 84 ਮਿਤੀ 08.06.2023 ਰਾਹੀਂ ਅੰਤਿਮ ਤੌਰ ਤੇ ਅਪਣਾਇਆ ਹੈ, ਦੀ ਪ੍ਰਵਾਨਗੀ ਦਿੰਦੇ ਹਨ। ਇਸ ਤਜਵਿਜ਼ਤ ਰੀਮੋਡੂਲੇਟਿਡ ਸਕੀਮ ਦੇ ਸ਼ਡਿਊਲ ਆਫ ਕਲਾਜਿਜ਼ ਪਹਿਲੀ ਮੌਜੂਰਸ਼ੁਦਾ ਸਕੀਮ ਵਾਲੇ ਹੀ ਲਾਗੂ ਹੋਣਗੇ।

4. ਇਹ ਅਧਿਸੂਚਨਾ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਜਾਂਦੀ ਹੈ।

ਚੰਡੀਗੜ੍ਹ
ਮਿਤੀ 1 ਦਸੰਬਰ, 2023

**ਅਜੋਏ ਸ਼ਰਮਾ, ਆਈ.ਏ.ਐਸ.**
ਸਕੱਤਰ ਸਥਾਨਕ ਸਰਕਾਰ, ਪੰਜਾਬ

*2985/12-2023/Pb. Govt. Press, S.A.S. Nagar*